# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 pm**

**ਮਿਤੀ: 12-06-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਦੇ ਨੌਜਵਾਨ ਕਾਢਕਾਰਾਂ ਦੀ ਤਕਨਾਲੋਜੀ ਨੂੰ ਅੱਗੇ ਵਧਾਉਣ ਤੇ ਦੇਸ਼ ਦੀ ਸਵੈ-ਨਿਰਭਰਤਾ ਦਾ ਸੰਚਾਲਨ ਕਰਨ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਲਈ ਤਾਰੀਫ਼ ਕੀਤੀ ਏ। ਉਨ੍ਹਾਂ ਕਿਹਾ ਕਿ ਡਿਜੀਟਲ ਇੰਡੀਆ ਨੇ ਨੌਜਵਾਨਾਂ ਨੂੰ ਨਵੀਆਂ ਕਾਢਾਂ ਲਈ ਅਧਿਕਾਰ ਪ੍ਰਾਪਤ ਬਣਾਇਆ ਏ ਅਤੇ ਪਿਛਲੇ 11 ਸਾਲਾਂ ਵਿਚ ਆਲਮੀ ਤਕਨਾਲੋਜੀ ਮਹਾਸ਼ਕਤੀ ਵਜੋਂ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕੀਤਾ ਏ। MyGovIndia ਵਲੋਂ X 'ਤੇ ਪੋਸਟਾਂ ਦਾ ਜਵਾਬ ਦਿੰਦਿਆਂ ਸ਼੍ਰੀ ਮੋਦੀ ਨੇ ਕਿਹਾ ਕਿ ਤਕਨਾਲੋਜੀ ਦੀ ਸ਼ਕਤੀ ਦਾ ਲਾਭ ਉਠਾਉਣ ਨਾਲ ਲੋਕਾਂ ਨੂੰ ਅਣਗਿਣਤ ਲਾਭ ਹੋਏ ਨੇ। ਡਿਜੀਟਲ ਇੰਡੀਆ ਪਹਿਲਕਦਮੀ ਨੇ ਤਕਨਾਲੋਜੀ ਨੂੰ ਸ਼ਕਤੀਕਰਨ, ਪਾੜੇ ਨੂੰ ਪੂਰਾ ਕਰਨ, ਮੌਕਿਆਂ ਨੂੰ ਖੋਲ੍ਹਣ ਅਤੇ ਹਰੇਕ ਨਾਗਰਿਕ ਲਈ ਸ਼ਾਸਨ ਨੂੰ ਵਧੇਰੇ ਪਹੁੰਚਯੋਗ ਤੇ ਪਾਰਦਰਸ਼ੀ ਬਣਾਉਣ ਵਾਲੇ ਸਾਧਨ ਵਿਚ ਬਦਲ ਦਿੱਤਾ ਏ । ਉਨ੍ਹਾਂ ਕਿਹਾ ਕਿ ਸੇਵਾ ਪ੍ਰਦਾਨ ਕਰਨ ਤੇ ਪਾਰਦਰਸ਼ਤਾ ਨੂੰ ਕਾਫੀ ਹੁਲਾਰਾ ਦਿੱਤਾ

ਗਿਆ ਏ ਅਤੇ ਤਕਨਾਲੋਜੀ ਗ਼ਰੀਬ ਤੋਂ ਗ਼ਰੀਬ ਦੀ ਜ਼ਿੰਦਗੀ ਨੂੰ ਸਸ਼ਕਤ ਬਣਾਉਣ ਦਾ ਸਾਧਨ ਬਣ ਗਈ ਏ।

-----------------------------------------------------------------------

ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਦੇ 11 ਸਾਲ ਪੂਰੇ ਹੋਣ ਮੌਕੇ ਕੱਲ੍ਹ ਸੰਕਲਪ ਸੇ ਸਿੱਧੀ ਪ੍ਰੋਗਰਾਮ ਤਹਿਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਅਤੇ 11 ਸਾਲਾਂ ਵਿਚ ਸਰਕਾਰ ਦੇ ਕਾਰਜਕਾਲ ਨੂੰ ਵਿਕਸਤ ਭਾਰਤ ਦੀ ਦਿਸ਼ਾ ਵਿਚ ਜਨ ਸੇਵਾ, ਰਾਸ਼ਟਰ ਨਿਰਮਾਣ ਅਤੇ ਵਿਕਾਸ ਦੀ ਮਿਸਾਲ ਦੱਸਿਆ। ਪੰਜਾਬ ਬਾਰੇ ਸ੍ਰੀ ਚੁੱਘ ਨੇ ਕਿਹਾ ਕਿ ਪੰਜਾਬ ਸ਼ਹੀਦਾਂ ਦੇ ਵਿਰਸੇ ਦੀ ਧਰਤੀ ਏ, ਜਿੱਥੇ ਮੋਦੀ ਸਰਕਾਰ ਦੇ ਯਤਨਾਂ ਨਾਲ ਜਲਿਆਂਵਾਲਾ ਬਾਗ ਯਾਦਗਾਰ ਦੀ ਮੁੜ ਉਸਾਰੀ ਕਰ ਕੇ ਸ਼ਹੀਦਾਂ ਦੀ ਯਾਦ ਨੂੰ ਸੰਭਾਲਿਆ ਗਿਆ ਤੇ ਚਾਰ ਅਜਾਇਬਘਰ ਗੈਲਰੀਆਂ ਬਣਾਈਆਂ ਗਈਆਂ। 1984 ਦੇ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ਼ ਦੇਣ ਲਈ SIT ਗਠਿਤ ਹੋਈ ਅਤੇ 3 ਬੰਦ ਮਾਮਲਿਆਂ ਨੂੰ ਮੁੜ ਖੋਲਿਆ ਗਿਆ ਤੇ ਕਾਰਵਾਈ ਸ਼ੁਰੂ ਹੋਈ। ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਆਲਮੀ ਪੱਧਰ ਉੱਤੇ

ਮਨਾਇਆ ਗਿਆ ਅਤੇ ਵੀਰ ਬਾਲ ਦਿਵਸ ਦੀ ਸ਼ੁਰੂਆਤ ਕਰਦਿਆਂ ਬਹਾਦਰ ਤੇ ਦਲੇਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੇ ਇਤਿਹਾਸ ਨੂੰ ਅੰਤਰਾਸ਼ਟਰੀ ਪਛਾਣ ਮਿਲੀ ਏ। ਸ੍ਰੀ ਚੁੱਘ ਨੇ ਕਿਹਾ ਕਿ ਖੇਤੀ ਪ੍ਰਧਾਨ ਸੂਬੇ ਪੰਜਾਬ ਵਿਚ ਜਿੱਥੇ 23 ਲੱਖ ਕਿਸਾਨਾਂ ਨੂੰ ਹਰ ਸਾਲ PM ਕਿਸਾਨ ਸਨਮਾਨ ਨਿਧੀ ਤੋ 6 ਹਜ਼ਾਰ ਰੁਪਏ ਦੀ ਸਹਾਇਤਾ ਮਿਲੀ, ਉਥੇ ਐੱਮਐੱਸਪੀ ਵਿਚ 2014 ਤੋਂ 2025 ਤੱਕ 50 ਤੋਂ 60 ਫੀਸਦੀ ਵੱਧ ਦੇ ਵਾਧੇ ਨਾਲ ਕਿਸਾਨਾਂ ਨੂੰ ਬਿਹਤਰ ਕੀਮਤ ਮਿਲੀ ਏ। ਸਿੱਖ ਸ਼ਰਧਾ ਦੇ ਪ੍ਰਤੀਕ ਕਰਤਾਰਪੁਰ ਲਾਂਘੇ ਨੂੰ ਖੋਲਿਆ ਗਿਆ ਅਤੇ ਸਿੱਖ ਸਮਾਜ ਦੀ ਦਹਾਕਿਆਂ ਪੁਰਾਣੀ ਉਮੀਦ ਪੂਰੀ ਹੋਈ ਏ। ਲੰਗਰ ਤੋਂ ਜੀਐੱਸਟੀ ਵੀ ਹਟਾਇਆ ਗਿਆ ਏ।

---

ਫਿਰੋਜ਼ਪੁਰ ਤੋਂ ਹਰਿਦੁਆਰ ਤੇ ਹਜ਼ੂਰ ਸਾਹਿਬ ਲਈ ਰੇਲ-ਗੱਡੀ ਚਲਾਉਣ ਨੂੰ ਕੇਂਦਰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਏ। ਭਾਜਪਾ ਦੇ ਰਾਸ਼ਟਰੀ ਮੈਂਬਰ ਡਾ. ਰਾਣਾ ਗੁਰਮੀਤ ਸਿੰਘ ਸੋਢੀ ਨੇ ਦੱਸਿਆ ਏ ਕਿ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਭਲਕੇ 13 ਜੂਨ ਨੂੰ ਹਜ਼ੂਰ ਸਾਹਿਬ ਨਾਂਦੇੜ ਜਾਣ ਵਾਲੀ ਰੇਲ-ਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ। 18 ਜੂਨ ਨੂੰ ਇਹ ਰੇਲ-ਗੱਡੀ ਫਿਰੋਜ਼ਪੁਰ ਤੋਂ ਹਰਿਦੁਆਰ ਲਈ ਰਵਾਨਾ ਹੋਵੇਗੀ।

---

ਮੀਰੀ ਪੀਰੀ ਦੇ ਮਾਲਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਦਿਹਾੜਾ ਅੱਜ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਏ। ਅੰਮ੍ਰਿਤਸਰ ਵਿਚ, ਗੁਰੂ ਸਾਹਿਬ ਦੇ ਜਨਮ ਅਸਥਾਨ ਗੁਰੂ ਕੀ ਵਡਾਲੀ ਵਿਚ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਸ਼ਰਧਾਲੂ  ਗੁਰਦੁਆਰਾ ਗੁਰੂ ਕੀ ਵਡਾਲੀ  ਮੱਥਾ ਟੇਕਣ ਪਹੁੰਚ ਰਹੇ ਨੇ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੀ ਗੁਰਦੁਆਰਾ ਗੁਰੂ ਕੀ ਵਡਾਲੀ ਮੱਥਾ ਟੇਕਣ ਪਹੁੰਚੇ।

---

ਸੂਬੇ ਵਿਚ ਪੈ ਰਹੀ ਜ਼ਬਰਦਸਤ ਗਰਮੀ ਦੇ ਮੱਦੇਨਜ਼ਰ ਮੌਸਮ ਵਿਭਾਗ ਨੇ ਅੱਜ ਅਤੇ ਭਲਕੇ ਲਈ ਪੰਜਾਬ ਦੇ ਕਈ ਹਿੱਸਿਆਂ ਵਾਸਤੇ ਰੈੱਡ ਅਲਰਟ ਜਾਰੀ ਕੀਤਾ ਏ। ਪਿਛਲੇ 4-5 ਦਿਨਾਂ ਤੋਂ ਸੂਬੇ ਵਿਚ ਗਰਮੀ ਦਾ ਕਹਿਰ ਜਾਰੀ ਏ ਅਤੇ ਵੱਧ ਤੋਂ ਵੱਧ ਤਾਪਮਾਨ 40 ਤੋਂ 45 ਡਿਗਰੀ ਸੈਲਸੀਅਸ ਵਿਚਕਾਰ ਬਣਿਆ ਹੋਇਆ ਏ। ਚੰਡੀਗੜ੍ਹ ਮੌਸਮ ਵਿਭਾਗ ਮੁਤਾਬਕ ਕਿਸੇ-ਕਿਸੇ ਥਾਂ 'ਤੇ ਇਕ ਹੋਰ ਦਿਨ ਤੇ ਰਾਤ ਸਮੇਂ ਵੀ ਗਰਮੀ ਜਾਰੀ ਰਹੇਗੀ। ਹਾਲਾਂਕਿ, 14 ਜੂਨ ਤੱਕ ਗਰਮੀ ਦੀ ਲਹਿਰ ਜਾਰੀ

ਰਹਿਣ ਦੇ ਆਸਾਰ ਨੇ ਪਰ 15 ਤੋਂ 17 ਜੂਨ ਤੱਕ ਬਿਜਲੀ ਚਮਕਣ ਤੇ ਗਰਜ ਨਾਲ ਤੂਫ਼ਾਨ ਆਉਣ ਅਤੇ ਤੇਜ਼ ਹਵਾਵਾਂ ਚੱਲਣ ਨਾਲ ਕੁਝ ਰਾਹਤ ਮਿਲਣ ਦੀ ਉਮੀਦ ਏ।

------------------------------------------------------------------------

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਜ਼ਿਲ੍ਹੇ ਵਿਚ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਣ ਲਈ ਕੀਤੀ ਵਿਉਂਤਬੰਦੀ ਤਹਿਤ 174 ਖੇਡ ਮੈਦਾਨ ਤਿਆਰ ਕਰਵਾਏ ਜਾ ਰਹੇ ਨੇ। ਇਸ ਬਾਰੇ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ ਨੇ ਦੱਸਿਆ ਕਿ ਅੰਮ੍ਰਿਤਸਰ ਪ੍ਰਸ਼ਾਸਨ ਨੇ 860 ਪੰਚਾਇਤਾਂ ਦੀਆਂ ਜ਼ਮੀਨਾਂ ਦਾ ਵੇਰਵਾ ਲੈ ਕੇ 174 ਖੇਡ ਮੈਦਾਨ ਤਿਆਰ ਕਰਵਾਉਣ ਸਬੰਧੀ ਕੰਮ ਸ਼ੁਰੂ ਕੀਤਾ ਏ।